# ਭਗਤ ਸਿੰਘ ਦਾ ਸਿਆਸੀ ਨਜ਼ਰੀਆ

## (ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ ਦੀ ਸ਼ਹਾਦਤ ਦੀ 69ਵੀਂ ਬਰਸੀ ਦੇ ਮੌਕੇ ਤੇ ਸ਼ਰਧਾਂਜਲੀ)

ਭਗਤ ਸਿੰਘ ਦਾ ਜਨਮ ਪੰਜਾਬ ਵਿਚ ਉਸ ਵੇਲੇ ਹੋਇਆ ਜਦੋਂ ਪੰਜਾਬ ਅਤੇ ਹਿੰਦੁਸਤਾਨ ਵਿਚ ਅੰਗਰੇਜ਼ਾਂ ਦੇ ਖਿਲਾਫ ਇਕ ਤਕੜੀ ਤੇ ਵਿਸ਼ਾਲ ਜਦੋਜਹਿਦ ਚਲ ਰਹੀ ਸੀ। ਹਿੰਦੁਸਤਾਨ ਦੇ ਲੋਕ ਅੰਗਰੇਜ਼ਾਂ ਨੂੰ ਹਿੰਦੁਸਤਾਨ `ਚੋਂ ਬਾਹਰ ਕੱਢਕੇ ਇਥੇ ਲੋਕਾਂ ਦਾ ਰਾਜ ਕਾਇਮ ਕਰਨਾ ਚਾਹੁੰਦੇ ਸੀ। ਹਿੰਦੁਸਤਾਨ ਦੇ ਲੋਕ ਗੁਲਾਮੀ ਦਾ ਜੂਲਾ ਲਾਹ ਕੇ ਇਕ ਆਜ਼ਾਦ ਅਤੇ ਖੁਸ਼ਹਾਲ ਹਿੰਦੁਸਤਾਨ ਵੇਖਣਾ ਚਾਹੰਦੇ ਸੀ। ਭਗਤ ਸਿੰਘ ਦੇ ਪਿਤਾ ਅਤੇ ਚਾਚਾ ਦੋਵੇਂ ਹੀ ਆਜ਼ਾਦੀ ਦੀ ਲਹਿਰ ਵਿਚ ਸਰਗਰਮ ਸਨ। ਪੰਜਾਬ ਵਿਚ ਅੰਗਰੇਜ਼ਾ ਅਤੇ ਉਨ੍ਹਾਂ ਦੇ ਝੋਲੀਚੁਕਾਂ, ਜਗੀਰਦਾਰਾਂ ਅਤੇ ਸ਼ਾਹੂਕਾਰਾਂ ਖਿਲਾਫ ਜ਼ੋਰ ਫੜ ਰਹੀ 'ਪੱਗੜੀ ਸੰਭਾਲ ਜੱਟਾ ਲਹਿਰ' ਲਹਿਰ ਦੇ ਆਗੂ ਸ੍ਰ ਅਜੀਤ ਸਿੰਘ, ਭਗਤ ਸਿੰਘ ਦੇ ਚਾਚਾ ਲਗਦੇ ਸਨ। ਜਦੋਂ 1905 ਵਿਚ ਲਾਰਡ ਕਰਜ਼ਨ ਨੇ ਦਿੱਲੀ ਵਿਚ ਦਰਬਾਰ ਲਾਇਆ ਸੀ ਤਾਂ ਭਗਤ ਸਿੰਘ ਦੇ ਪਿਤਾ ਸ੍ਰ ਕਿਸ਼ਨ ਸਿੰਘ ਅਤੇ ਉਸਦੇ ਚਾਚਾ ਸ੍ਰ ਅਜੀਤ ਸਿੰਘ ਦਿੱਲੀ `ਚ ਸਨ ਤਾਂਕਿ ਉਨ੍ਹਾਂ ਸਰਦਾਰਾਂ ਅਤੇ ਰਾਜਿਆਂ ਨੂੰ ਮਿਲ ਸਕਣ ਜਿਹੜੇ ਅੰਗਰੇਜ਼ਾਂ ਦੇ ਖਿਲਾਫ ਕਿਸੇ ਵੀ ਹੱਦ ਤਕ ਲੜਨ ਨੂੰ ਤਿਆਰ ਹੋ ਸਕਦੇ ਸੀ। ਇਸ ਸਿਲਸਿਲੇ ਵਿਚ ਉਨ੍ਹਾਂ ਨੇ ਬੜੌਦਾ ਦੇ ਮਹਾਰਾਜੇ ਨਾਲ ਵੀ ਮੁਲਾਕਾਤ ਕੀਤੀ ਸੀ।

ਭਗਤ ਸਿੰਘ ਦਾ ਬਚਪਨ ਆਜ਼ਾਦੀ ਦੇ ਜੁਝਾਰੂਆਂ ਦੀਆਂ ਬੁੱਕਲਾਂ ਵਿਚ ਬੀਤਿਆ। ਦੇਸ਼ ਭਗਤੀ ਉਸਨੂੰ ਗੁੜ੍ਹਤੀ ਵਿਚ ਮਿਲੀ ਹੋਈ ਸੀ। ਸ੍ਰ ਅਜੀਤ ਸਿੰਘ ਨੂੰ ਜਦੋਂ ਦੇਸ਼ ਛੱਡਣਾ ਪਿਆ ਤਾਂ ਉਹ ਬਦੇਸ਼ਾਂ ਵਿਚ ਗ਼ਦਰ ਪਾਰਟੀ ਦੇ ਕੰਮ ਵਿਚ ਹਿਸਾ ਲੈਣ ਲੱਗ ਪਏ। ਇਨ੍ਹਾਂ ਦਾ ਸ਼ੁਮਾਰ ਗ਼ਦਰ ਪਾਰਟੀ ਦੇ ਸਰਗਰਮ ਲੀਡਰਾਂ ਵਿਚ ਸੀ ਤੇ ਭਗਤ ਸਿੰਘ ਹੁਰਾਂ ਦੇ ਘਰ ਵੀ ਗ਼ਦਰੀ ਬਾਬਿਆਂ ਦਾ ਆਉਣਾ ਜਾਣਾ ਰਹਿੰਦਾ ਸੀ। ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਇਹ ਗੀਤ ਭਗਤ ਸਿੰਘ ਹੁਰਾਂ ਨੂੰ ਬਹੁਤ ਪਸੰਦ ਸੀ,

> ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ
> ਗੱਲਾਂ ਕਰਨੀਆਂ ਬਹੁਤ ਸੁਖਾਲੀਆਂ ਨੇ,
> ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
> ਉਨ੍ਹਾਂ ਲੱਖ ਮੁਸੀਬਤਾਂ ਝੱਲਣੀਆਂ ਨੇ

ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨੇ ਭਗਤ ਸਿੰਘ ਦੇ ਦਿਲ ਤੇ ਬਹੁਤ ਹੀ ਗਹਿਰਾ ਅਸਰ ਪਾਇਆ। ਉਨ੍ਹਾਂ ਜਲ੍ਹਿਆਂ ਵਾਲੇ ਬਾਗ ਦੀ ਧਰਤੀ ਨੂੰ ਚੁੰਮਿਆਂ ਤੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਚੋਂ ਬਾਹਰ ਕੱਢਣ ਦੀ ਸਹੁੰ ਖਾਧੀ ਸੀ। ਗ਼ਦਰ ਪਾਰਟੀ ਨੇ ਜਦੋਂ ਪੰਜਾਬ ਵਿਚ ਕਿਰਤੀ ਪਾਰਟੀ ਬਣਾਈ ਤਾਂ ਭਗਤ ਸਿੰਘ ਇਸਦੀ ਨੌਜਵਾਨਾਂ ਦੀ ਜੱਥੇਬੰਦੀ, ਨੌਜਵਾਨ ਸਭਾ, ਦਾ ਲੀਡਰ ਸੀ। ਕਿਰਤੀ ਪਾਰਟੀ ਦੇ ਅਖ਼ਬਾਰ `ਕਿਰਤੀ` ਵਿਚ ਵੀ ਉਸਨੇ ਗਦਰੀ ਬਾਬੇ ਭਾਈ ਸੰਤੋਖ ਸਿੰਘ ਨਾਲ ਕੰਮ ਕੀਤਾ ਸੀ। ਭਗਤ ਸਿੰਘ ਅਤੇ ਉਸਦੇ ਸਾਥੀ ਉਸ ਵਕਤ ਦੀ ਲੋਕਾਂ ਦੀ ਜਦੋਜਹਿਦ ਦੀ ਹੀ ਉਪਜ ਸਨ। ਉਨ੍ਹਾਂ ਦਾ ਸਿਆਸੀ ਨਜ਼ਰੀਆ, ਸੇਧ ਅਤੇ ਸੂਝ ਇਸ ਜਦੋਜਹਿਦ ਅਤੇ ਦੁਨਿਆਂ ਭਰ ਦੇ ਮਜ਼ਦੂਰਾਂ ਅਤੇ ਦੱਬੇ ਕੁਚਲੇ ਲੋਕਾਂ ਦੀ ਜਦੋਜਹਿਦ ਵਿਚੋਂ ਹੀ ਹੋਂਦ ਵਿਚ ਆਏ ਸੀ। ਅੰਗਰੇਜ਼ਾਂ ਨੂੰ ਹਿੰਦੁਸਤਾਨ ਤੋਂ ਬਾਹਰ ਕੱਢਕੇ ਲੋਕਾਂ ਦਾ ਰਾਜ, ਮਿਹਨਤਕਸ਼ਾਂ ਦਾ ਰਾਜ ਲਿਆਉਣਾ ਅਤੇ ਤਮਾਮ ਮਜ਼ਲੂਮਾਂ ਦੇ ਹੱਕਾਂ ਦੀ ਰਾਖੀ ਕਰਨਾ ਹੀ ਇਨ੍ਹਾਂ ਨੌਜੁਆਨਾਂ ਦੇ ਨਜ਼ਰੀਏ ਤੇ ਸੂਝ ਦੀ ਬੁਨਿਆਦ ਸੀ।

ਭਗਤ ਸਿੰਘ ਦੇ ਸਿਆਸੀ ਨਜ਼ਰੀਏ ਦਾ ਨਿਚੋੜ, ਉਸਦੇ ਕਚਿਹਰੀ ਵਿਚ ਦਿਤੇ ਹੋਏ ਬਿਆਨ ਅਤੇ ਪਟੀਸ਼ਨ ਵਿਚ ਮਿਲਦਾ ਹੈ। ਇਸ ਪਟੀਸ਼ਨ ਵਿਚ ਉਸਨੇ ਕਿਹਾ --

"ਪਹਿਲੀ ਗੱਲ ਇਹ ਹੈ ਕਿ ਅੰਗਰੇਜ਼ਾਂ ਅਤੇ ਹਿੰਦੁਸਤਾਨ ਦੇ ਲੋਕਾਂ ਵਿਚ ਜੰਗ ਲੱਗੀ ਹੋਈ ਹੈ। ਦੂਜੀ ਗੱਲ ਇਹ ਹੈ ਕਿ ਅਸੀਂ ਇਸ ਜੰਗੇ ਆਜ਼ਾਦੀ ਦੇ ਜੁਝਾਰੂ ਹਾਂ ਅਤੇ ਜੰਗੀ ਕੈਦੀ ਹਾਂ। ਅਸੀਂ ਇਹ ਗੱਲ ਡੰਕੇ ਦੀ ਚੋਟ ਤੇ ਕਹਿਨੇ ਆਂ ਕਿ ਇਹ ਜੰਗ ਉਸ ਸਮੇਂ ਤਾਂਈ ਜਾਰੀ ਰਹੇਗੀ ਜਦੋਂ ਤਾਂਈ ਮੁੱਠੀਭਰ ਲਹੂ ਪੀਣੇ ਲੋਟੂ ਹਿੰਦੁਸਤਾਨ ਦੇ ਲੋਕਾਂ ਦੀ ਮਿਹਨਤ ਅਤੇ ਕੁਦਰਤੀ ਸਾਧਨਾਂ ਦੀ ਲੁਟ ਬੰਦ ਨਹੀਂ ਕਰਦੇ। ਇਹ ਲੁੱਟ ਅੰਗਰੇਜ਼ ਸਰਮਾਏਦਾਰ ਕਰਦੇ ਹੋਣ, ਅੰਗਰੇਜ਼ ਅਤੇ ਹਿੰਦੁਸਤਾਨੀ ਸਰਮਾਏਦਾਰ ਰਲਕੇ ਕਰਦੇ ਹੋਣ, ਜਾਂ ਸਿਰਫ ਹਿੰਦੁਸਤਾਨੀ ਸਰਮਾਏਦਾਰ ਹੀ ਕਰਨ, ਸਾਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ। ਬੇਸ਼ੱਕ ਤੁਹਾਡੀ ਸਰਕਾਰ ਧਨੀਆਂ ਅਤੇ ਅਮੀਰਾਂ ਦੇ ਲੀਡਰਾਂ ਨੂੰ ਕੁਝ ਟੁਕੜੇ ਪਾਕੇ ਖ਼ਰੀਦ ਵੀ ਲੈਂਦੀ ਹੈ ਅਤੇ ਲੋਕਾਂ ਨੂੰ ਕੁਰਾਹੇ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਕੋਈ ਫਰਕ ਨਹੀਂ ਪੈਂਦਾ ਕਿ ਲੋਕਾਂ ਦੀ ਮੁਕਤੀ ਦੀ ਲਹਿਰ ਨੂੰ ਇਹ ਗੱਲਾਂ ਵਕਤੀ ਤੌਰ ਤੇ ਸੱਟ ਮਾਰਦੀਆਂ ਹਨ। ਸਾਨੂੰ ਇਸ ਗੱਲ ਦਾ ਵੀ ਕੋਈ ਫਰਕ ਨਹੀਂ ਕਿ ਇਨਕਲਾਬ ਦੇ ਕਈ ਭਗੌੜੇ ਹਿੰਦੁਸਤਾਨ ਦੀ ਮੁਕਤੀ ਦੀ ਲਹਿਰ ਦੇ ਮੋਹਰੀ ਦਸਤੇ ਨੂੰ, ਇਨਕਲਾਬੀ ਪਾਰਟੀ ਨੂੰ, ਛੱਡਕੇ ਲੜਾਈ ਦੇ ਮੈਦਾਨ ਵਿਚੋਂ ਦੌੜ ਵੀ ਜਾਂਦੇ ਹਨ। ਸਾਡੇ ਮੁਕੱਦਮੇ `ਚ ਸਾਡੇ ਲਈ ਜ਼ਾਤੀ ਤੌਰ ਤੇ ਇਨ੍ਹਾਂ ਲੀਡਰਾਂ ਨੇ ਭਾਵੇਂ

ਹਮਦਰਦੀ ਵਿਖਾਈ ਹੈ ਅਤੇ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਵੀ ਹਾਂ, ਪਰ ਅਸੀਂ ਉਨ੍ਹਾਂ ਦੀ ਗਿਰਾਵਟ ਨੂੰ ਭੁੱਲ ਨਹੀਂ ਸਕਦੇ ਕਿ ਇਨ੍ਹਾਂ ਲੀਡਰਾਂ ਨੇ ਤੁਹਾਡੀ ਸਰਕਾਰ ਨਾਲ ਸਮਝੌਤੇ ਅਤੇ ਸੌਦੇਬਾਜ਼ੀ ਵਿਚ ਉਨ੍ਹਾਂ ਬਹਾਦਰ ਅਤੇ ਬੇਘਰ, ਗਰੀਬ ਔਰਤਾਂ ਦਾ ਜ਼ਿਕਰ ਤੱਕ ਵੀ ਨਹੀਂ ਕੀਤਾ ਜੋ ਇਨਕਲਾਬੀ ਪਾਰਟੀ ਨਾਲ ਸੰਬੰਧ ਰੱਖਦੀਆਂ ਹਨ ਅਤੇ ਜਿਨ੍ਹਾਂ ਨੂੰ ਇਹ ਲੀਡਰ ਆਪਣਾ ਤੇ ਆਪਣੇ ਅਹਿੰਸਾ ਦੇ ਇਸ਼ਟ ਦਾ ਦੁਸ਼ਮਣ ਸਮਝਦੇ ਹਨ। ਇਨ੍ਹਾਂ ਬਹਾਦਰ ਔਰਤਾਂ ਨੇ ਆਪਣਾ ਘਰ-ਬਾਰ, ਬੱਚੇ, ਸੱਭ ਕੁਝ, ਦੇਸ਼ ਦੀ ਖਾਤਰ ਬੇਝਿਜਕ ਕੁਰਬਾਨ ਕਰ ਦਿਤਾ ਹੈ। ਇਨ੍ਹਾਂ ਔਰਤਾਂ ਨੂੰ ਤੁਸੀਂ ਤੇ ਤੁਹਾਡੀ ਸਰਕਾਰ ਮੁਜਰਿਮ ਕਰਾਰ ਦਿੰਦੇ ਹੋ। ਸਾਨੂੰ ਇਸ ਗੱਲ ਦਾ ਜ਼ਰਾ ਵੀ ਫਰਕ ਨਹੀਂ ਪੈਂਦਾ ਕਿ ਤੁਹਾਡੇ ਏਜੰਟ ਬਹੁਤ ਘਟੀਆ ਅਤੇ ਜ਼ਲੀਲ ਇਲਜ਼ਾਮ ਇਨ੍ਹਾਂ ਦੇ ਪਵਿੱਤਰ ਚਾਲ-ਚਲਣ ਅਤੇ ਇਨ੍ਹਾਂ ਦੀ ਪਾਰਟੀ ਦਾ ਵਕਾਰ ਅਤੇ ਸ਼ਾਨ ਘਟਾਉਣ ਲਈ ਲਾਉਂਦੇ ਹਨ। ਇਨ੍ਹਾਂ ਗੱਲਾਂ ਦਾ ਸਾਨੂੰ ਕੋਈ ਫ਼ਰਕ ਨਹੀਂ ਪੈਂਦਾ। ਸਾਡੀ ਜੰਗ ਜਾਰੀ ਰਹੇਗੀ। ਅਸੀਂ ਲੜਦੇ ਹੀ ਰਹਾਂਗੇ।"

"ਇਹ ਜੰਗ ਹਾਲਾਤ ਦੇ ਮੁਤਾਬਿਕ ਵੱਖੋ ਵੱਖਰੀ ਸ਼ਕਲ ਲੈਂਦੀ ਰਹੇਗੀ। ਕਦੇ ਇਹ ਖੁਲ੍ਹੇ ਤੌਰ ਤੇ ਹੋਵੇਗੀ, ਕਦੇ ਇਹ ਲੁਕਵੀਂ ਹੋਵੇਗੀ। ਕਦੇ ਇਹ ਹੱਲਚੱਲ ਦਾ ਰੂਪ ਲਵੇਗੀ, ਕਦੇ ਇਹ ਜ਼ਿੰਦਗੀ ਅਤੇ ਮੌਤ ਦੀ ਲੜਾਈ ਹੋਵੇਗੀ। ਇਹ ਗੱਲ ਤੁਹਾਡੇ ਤੇ ਮੁਨੱਸਰ ਹੈ ਕਿ ਇਹ ਲੜਾਈ ਕਿਹੜਾ ਰੂਪ ਲਵੇਗੀ, ਸ਼ਾਂਤਮਈ ਜਾਂ ਲਹੂ-ਲੁਹਾਨ। ਪਰ ਇਹ ਜੰਗ ਜਾਰੀ ਰਹੇਗੀ ਭਾਵੇਂ ਤੁਸੀਂ ਜਿਹੜੇ ਮਰਜ਼ੀ ਨੈਤਿਕ ਅਤੇ ਇਖ਼ਲਾਕੀ ਭੁਲੇਖੇ ਪਾਉਣ ਦੀ ਕੋਸ਼ਿਸ਼ ਕਰੋ। ਇਹ ਲੜਾਈ ਬੜੇ ਜ਼ੋਰੋ-ਜੋਸ਼ ਨਾਲ ਜਾਰੀ ਰਹੇਗੀ ਜਿਨਾਂ ਚਿਰ ਹਿੰਦੁਸਤਾਨ ਵਿਚ ਇਕ ਸਮਾਜਵਾਦੀ ਲੋਕਤੰਤਰ ਨਹੀਂ ਕਾਇਮ ਹੋ ਜਾਂਦਾ ਅਤੇ ਮੌਜੂਦਾ ਸਮਾਜੀ ਢਾਂਚੇ ਅਤੇ ਨਿਜ਼ਾਮ ਦਾ ਕਾਇਆ-ਕਲਪ ਕਰਕੇ ਇਕ ਨਵਾਂ ਸਮਾਜ ਨਹੀਂ ਉਸਾਰਿਆ ਜਾਂਦਾ ਜਿਸ ਵਿਚ ਕਿਸੇ ਦੀ ਵੀ ਲੁਟ ਨਹੀਂ ਹੋਵੇਗੀ ਅਤੇ ਇਨਸਾਨ ਅਤੇ ਮਨੁੱਖਤਾ ਅਮਨ ਅਤੇ ਸ਼ਾਂਤੀ ਨਾਲ ਰਹਿਣਗੇ। ਛੇਤੀਂ ਹੀ ਇਹ ਆਖਰੀ ਲੜਾਈ ਲੜੀ ਜਾਵੇਗੀ ਅਤੇ ਫੈਸਲੇ ਹੋਣਗੇ।"

"ਸਰਮਾਏਦਾਰੀ ਅਤੇ ਸਾਮਰਾਜੀ ਲੁੱਟ ਦੇ ਦਿਨ ਹੁਣ ਗਿਣਮੇਂ ਹੀ ਰਹਿ ਗਏ ਨੇ। ਇਹ ਨਾਂ ਸਾਡੇ ਨਾਲ ਸ਼ੁਰੂ ਹੋਏ ਸੀ ਅਤੇ ਨਾਂ ਹੀ ਸਾਡੇ ਨਾਲ ਮੁੱਕਣਗੇ। ਇਹ ਇਕ ਇਤਿਹਾਸਕ ਦੌਰ ਦਾ, ਹਾਲਾਤ ਅਤੇ ਘਟਨਾਵਾਂ ਦਾ, ਨਤੀਜਾ ਹੈ। ਸਾਡੀ ਛੋਟੀ ਜਿਹੀ ਕੁਰਬਾਨੀ ਇਸ ਲੜੀ ਦੀ ਇਕ ਕੜੀ ਹੀ ਹੋਵੇਗੀ ਜਿਸਨੂੰ ਜਤਿਨ ਦਾਸ ਦੀ ਮਹਾਨ ਕੁਰਬਾਨੀ, ਕਾਮਰੇਡ ਭਗਵਤੀ ਚਰਨ ਦੀ ਕੁਰਬਾਨੀ ਅਤੇ ਬਹਾਦਰ ਚੰਦਰਸ਼ੇਖ਼ਰ ਆਜ਼ਾਦ ਦੀ ਗੌਰਵਮਈ ਕੁਰਬਾਨੀ ਨੇ ਸ਼ਿੰਗਾਰਿਆ ਹੈ।"

ਭਗਤ ਸਿੰਘ ਅਤੇ ਉਸਦੇ ਸਾਥੀ ਇਸ ਸਿਆਸੀ ਸੇਧ ਅਤੇ ਸੂਝ ਦੇ ਕਾਇਲ ਸਨ। ਇਸ ਸੇਧ ਤੇ ਤੁਰਦੇ ਹੋਏ ਉਨ੍ਹਾਂ ਨੇ ਬੇਖ਼ੌਫ ਹੋ ਕੇ ਲੋਕਾਂ ਦੇ ਹਿਤਾਂ ਲਈ ਆਪਣੀ ਜਾਨ ਦੀ ਬਾਜ਼ੀ ਲਾਈ ਤੇ ਆਖਰੀ ਸਾਹ ਤਾਈਂ ਹਿੰਦੁਸਤਾਨ ਦੇ ਲੋਕਾਂ ਦਾ ਮਾਣ ਰੱਖਿਆ --

"ਜਿਥੇ ਤਾਈਂ ਸਾਡੀ ਕਿਸਮਤ ਦੇ ਫੈਸਲੇ ਦੀ ਗੱਲ ਹੈ ਸਾਨੂੰ ਇਹ ਕਹਿਣ ਦੀ ਇਜਾਜ਼ਤ ਦਿਉ ਕਿ ਜਦੋਂ ਤੁਸੀਂ ਸਾਨੂੰ ਮੌਤ ਦੀ ਸਜ਼ਾ ਦੇਣ ਦਾ ਫੈਸਲਾ ਕਰ ਲਿਆ ਹੈ ਤਾਂ ਮੌਤ ਦੀ ਸਜ਼ਾ ਹੀ ਦਿਉਗੇ। ਤੁਹਾਡੇ ਹੱਥ ਵਿਚ ਇਹ ਤਾਕਤ ਹੈ ਅਤੇ ਤਾਕਤ ਹੀ ਇਸ ਦੁਨੀਆਂ `ਚ ਕਿਸੇ ਗੱਲ ਨੂੰ ਜਾਇਜ਼ ਕਰਾਰ ਕਰ ਦਿੰਦੀ ਹੈ। ਤੁਹਾਡਾ ਅਸੂਲ `ਜਿਸਕੀ ਲਾਠੀ ਉਸਕੀ ਭੈਂਸ` ਹੈ। ਸਾਡੇ ਮੁਕੱਦਮੇ ਦੀ ਸਾਰੀ ਕਾਰਵਾਈ ਇਸ ਗੱਲ ਦਾ ਸਬੂਤ ਹੈ। ਅਸੀਂ ਇਹੋ ਦੱਸਣਾ ਚਾਹੁੰਦੇ ਹਾਂ ਕਿ ਤੁਹਾਡੀ ਅਦਾਲਤ ਦੇ ਫੈਸਲੇ ਮੁਤਾਬਿਕ ਅਸੀਂ ਜੰਗ ਲੜੀ ਹੈ ਅਤੇ ਜੰਗੀ ਕੈਦੀ ਹਾਂ। ਇਸ ਕਰਕੇ ਸਾਡੇ ਨਾਲ ਜੰਗੀ ਕੈਦੀਆਂ ਵਰਗਾ ਹੀ ਸਲੂਕ ਕੀਤਾ ਜਾਵੇ। ਅਸੀਂ ਇਹ ਚਾਹੁੰਦੇ ਹਾਂ ਕਿ ਸਾਨੂੰ ਗੋਲੀ ਨਾਲ ਮਾਰਿਆ ਜਾਵੇ ਨਾਂ ਕਿ ਫਾਂਸੀ ਲਾਇਆ ਜਾਵੇ। ਇਹ ਹੁਣ ਤੁਹਾਡੇ ਹੱਥ ਵਿਚ ਹੈ ਕਿ ਤੁਸੀਂ ਆਪਣੀ ਅਦਾਲਤ ਦਾ ਫੈਸਲਾ ਪੂਰਾ ਕਰਦੇ ਹੋ ਕਿ ਨਹੀਂ।"

ਇਸ ਤੋਂ ਪਹਿਲਾਂ ਮੁਕੱਦਮੇ ਦੌਰਾਨ ਭਗਤ ਸਿੰਘ ਨੇ ਕਿਹਾ ਸੀ --

" ਮੈਨੂੰ, ਭਗਤ ਸਿੰਘ ਨੂੰ, ਹੇਠਲੀ ਕਚਿਹਰੀ ਨੇ ਪੁਛਿੱਆ ਸੀ ਕਿ ਸਾਡਾ 'ਇਨਕਲਾਬ' ਤੋਂ ਕੀ ਮਤਲਬ ਹੈ? ਇਸ ਸਵਾਲ ਦੇ ਜਵਾਬ ਵਿਚ ਮੈਂ ਕਹਾਂਗਾ ਕਿ ਇਨਕਲਾਬ ਬੇਰਹਿਮ ਅਤੇ ਖ਼ੂਨੀ ਖ਼ਾਨਾਜੰਗੀ ਨਹੀਂ ਅਤੇ ਨਾਂਹੀ ਇਹ ਜ਼ਾਤੀ ਕਤਲਾਂ ਜਾਂ ਬਦਲੇ ਦੀ ਭਾਵਨਾ ਨਾਲ ਭਰੀ ਕਤਲੋਗ਼ਾਰਤ ਹੈ। ਇਹ ਬੰਬ ਜਾਂ ਬੰਦੂਕਾਂ ਨਾਲ ਲੈਸ ਕੋਈ ਫਿਰਕਾ ਵੀ ਨਹੀਂ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਮੌਜੂਦਾ ਨਿਜ਼ਾਮ ਅਤੇ ਬੰਦੋਬਸਤ ਜੋ ਬੇਇਨਸਾਫੀ ਦੀ ਬੁਨਿਆਦ ਤੇ ਖੜਾ ਹੈ, ਇਸ ਨਿਜ਼ਾਮ ਨੂੰ ਬਦਲਣ ਦੀ ਲੋੜ ਹੈ। ਮਜ਼ਦੂਰ ਅਤੇ ਹੋਰ ਮਿਹਨਤਕਸ਼ ਲੋਕਾਂ ਨੂੰ, ਜਿਨ੍ਹਾਂ ਦੀ ਮਿਹਨਤ ਬਗੈਰ ਸਮਾਜ ਚੱਲ ਨਹੀਂ ਸਕਦਾ, ਉਨ੍ਹਾਂ ਦੀ ਮਿਹਨਤ ਨੂੰ ਵਿਹਲੜ ਲੁਟਦੇ ਹਨ ਅਤੇ ਮਿਹਨਤਕਸ਼ਾਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕਾਂ ਤੋਂ ਵੀ ਵਾਂਝੇ ਕੀਤਾ ਜਾਂਦਾ ਹੈ। ਸਾਰਿਆਂ ਲਈ ਅਨਾਜ ਪੈਦਾ ਕਰਨ ਵਾਲਾ ਕਿਸਾਨ, ਆਪਣੇ ਟੱਬਰ ਸਣੇ ਭੁੱਖਾ ਮਰਦਾ ਹੈ। ਮਿੱਲ ਦਾ ਮਜ਼ਦੂਰ ਜੋ ਦੁਨਿਆ ਦੀਆਂ ਮੰਡਿਆਂ ਲਈ ਕਪੜਾ ਬੁਣਦਾ ਹੈ, ਉਸ ਕੋਲ ਆਪਣੇ ਬੱਚਿਆਂ ਦਾ ਤਨ ਢਕਣ ਲਈ ਕਪੜਾ ਨਹੀਂ। ਮਿਸਤਰੀ, ਰਾਜ, ਅਤੇ ਹੋਰ ਕਾਰੀਗਰ ਜੋ ਵੱਡੇ ਵੱਡੇ ਮਹਿਲ ਬਣਾਉਂਦੇ ਹਨ, ਉਹ ਆਪ ਝੁੱਗੀਆਂ `ਚ ਤੁੰਨੇ ਜਾਂਦੇ ਨੇ। ਸਰਮਾਏਦਾਰ ਅਤੇ ਹੋਰ ਲੋਟੂ ਕਰੋੜਾਂ ਰੁਪਏ ਆਪਣੇ ਮਨ-ਪਰਚਾਵੇ ਲਈ ਪਾਣੀ ਵਾਂਗ ਰੋੜ੍ਹਦੇ ਨੇ। ਇਹ ਕਾਣੀ ਵੰਡ ਜ਼ਰੂਰ ਹੀ ਇਕ ਝੱਖੜ ਲਿਆਵੇਗੀ। ਇਹ ਲੁੱਟ-ਖਸੁਟ ਅਤੇ ਬੇਇਨਸਾਫੀ ਦੇ ਹਾਲਾਤ ਜ਼ਿਆਦਾ ਦੇਰ ਨਹੀਂ ਚੱਲ ਸਕਦੇ। ਇਸ ਦੇ ਅੰਦਰ ਇਕ ਜਵਾਲਾਮੁਖੀ ਖ਼ੌਲ ਰਿਹਾ ਹੈ।"

"ਇਹ ਸਾਰੀ ਤਹਿਜ਼ੀਬ ਨੂੰ ਜੇ ਸਮੇਂ ਸਿਰ ਨਾਂ ਸਾਂਭਿਆ ਗਿਆ ਤਾਂ ਤਹਿਸ ਨਹਿਸ ਹੋ ਜਾਵੇਗੀ। ਇਸ ਕਰਕੇ ਇਕ ਕਾਇਆ-ਕਲੱਪ ਦੀ ਲੋੜ ਹੈ। ਜੋ ਲੋਕ ਇਸ ਗੱਲ ਨੂੰ ਸਮਝਦੇ ਹਨ ਉਨ੍ਹਾਂ ਦਾ ਫਰਜ਼ ਹੈ ਕਿ ਸਮਾਜ ਦੀ ਨਵੀਂ ਉਸਾਰੀ ਸਮਾਜਵਾਦ ਦੀ ਬੁਨਿਆਦ ਤੇ ਕਰਨ। ਜਿੰਨਾਂ ਚਿਰ ਇਹ ਨਵੀਂ ਉਸਾਰੀ ਨਹੀਂ ਹੁੱਦੀ, ਮਨੁੱਖ ਹੱਥੋਂ ਮਨੁੱਖ ਦੀ ਅਤੇ ਇਕ ਦੇਸ਼ ਹੱਥੋਂ ਦੂਜੇ ਦੇਸ਼ ਦੀ ਲੁੱਟ ਬੰਦ ਨਹੀਂ ਹੁੰਦੀ, ਉਨਾਂ ਚਿਰ ਮਨੁਖਤਾ ਜਿਸ ਜ਼ੁਲਮ ਅਤੇ ਜਬਰ ਦੀ ਸ਼ਿਕਾਰ ਹੈ ਇਹ ਜ਼ੁਲਮ ਬੰਦ ਨਹੀਂ ਹੋ ਸਕਦਾ। ਇਸ ਨਵੀਂ ਉਸਾਰੀ ਤੋਂ ਬਗੈਰ ਅਮਨ ਅਤੇ ਸ਼ਾਂਤੀ ਦੀ ਗੱਲਾਂ ਸਿਰਫ਼ ਪਖੰਡਬਾਜ਼ੀ ਹੀ ਹੈ।"

"ਇਨਕਲਾਬ ਤੋਂ ਸਾਡਾ ਮਤਲਬ ਇਕ ਇਹੋ ਜਿਹਾ ਸਮਾਜ ਬਣਾਉਣਾ ਹੈ ਜਿਸ ਵਿਚ ਇਹ ਸੱਭ ਖ਼ਤਰੇ ਨਹੀਂ, ਜਿਸ ਵਿਚ ਮਜ਼ਦੂਰ ਜਮਾਤ ਸਰਬਸ਼ਕਤੀਮਾਨ ਹੋਵੇਗੀ, ਅਤੇ ਇਕ ਆਲਮੀ ਫ਼ੈਡਰੇਸ਼ਨ ਦੁਨੀਆਂ ਭਰ ਦੇ ਲੋਕਾਂ ਨੂੰ ਸਰਮਾਏਦਾਰੀ ਦੀ ਗੁਲਾਮੀ ਅਤੇ ਸਾਮਰਾਜੀ ਜੰਗਾਂ ਤੋਂ ਛੁੜਾਵੇਗੀ। ਇਹ ਸਾਡਾ ਟੀਚਾ, ਸਿਧਾਂਤ ਅਤੇ ਪ੍ਰੇਰਨਾ ਹੈ। ਅਸੀਂ ਇਕ ਖ਼ਰਾ ਅਤੇ ਇਨਸਾਫ਼ਪਸੰਦ ਹੋਕਾ ਦਿਤਾ ਹੈ। ਜੇ ਸਾਡੀ ਇਸ ਚੇਤਾਵਨੀ ਵੱਲ ਧਿਆਨ ਨਾ ਦਿਤਾ ਗਿਆ ਤੇ ਮੌਜੂਦਾ ਪ੍ਰਨਾਲੀ ਅਤੇ ਸਰਕਾਰ ਲੋਕਾਂ ਦੇ ਰਾਹ ਦੀ ਰੁਕਾਵਟ ਬਣਦੇ ਰਹੇ, ਤਾਂ ਉਹ ਤਾਕਤਾਂ ਜਿਹੜੀਆਂ ਕਿ ਕੁਦਰਤੀ ਤੌਰ ਤੇ ਇਸ ਬੰਦੋਬਸਤ ਨੂੰ ਖ਼ਤਮ ਕਰਨ ਲਈ ਇਸ ਦੇ ਗਰਭ ਵਿਚ ਪਲ ਰਹੀਆਂ ਹਨ, ਇਕ ਦਿਨ ਬਾਹਵਾਂ ਦੇ ਜ਼ੋਰ ਇਸ ਪ੍ਰਨਾਲੀ ਅਤੇ ਨਿਜ਼ਾਮ ਦਾ ਤਖ਼ਤਾ ਪਲਟ ਦੇਣਗੀਆਂ ਅਤੇ ਮਜ਼ਦੂਰ ਜਮਾਤ ਦਾ ਰਾਜ ਕਾਇਮ ਕਰਕੇ ਇਨਕਲਾਬ ਦੇ ਨਿਸ਼ਨਿਆਂ ਨੂੰ ਪੂਰਾ ਕਰਨਗੀਆਂ। ਇਨਕਲਾਬ ਸਾਡਾ ਜੱਦੀ ਹੱਕ ਹੈ। ਕਿਰਤ ਹੀ ਸਮਾਜ ਦੀ ਬੁਨਿਆਦ ਹੈ। ਲੋਕਾਂ ਦੀ ਪ੍ਰਭੁਸੱਤਾ ਹੀ ਮਜ਼ਦੂਰਾਂ ਦੀ ਮੰਜ਼ਿਲ ਹੈ।"

"ਇਸ ਨਿਸ਼ਾਨੇ ਲਈ ਅਤੇ ਇਸ ਸੇਧ ਲਈ ਅਸੀਂ ਹਰ ਤਕਲੀਫ ਅਤੇ ਤਸੀਹੇ ਝੱਲਣ ਲਈ ਤਿਆਰ ਹਾਂ। ਇਨਕਲਾਬ ਦੀ ਵੇਦੀ ਤੇ ਅਸੀਂ ਆਪਣੀ ਜਵਾਨੀ ਦਾ ਧੂਫ਼ ਪੇਸ਼ ਕਰਦੇ ਹਾਂ। ਇਸ ਮਹਾਨ ਨਿਸ਼ਾਨੇ ਲਈ ਕੋਈ ਵੀ ਕੁਰਬਾਨੀ ਜ਼ਿਆਦਾ ਨਹੀਂ। ਅਸੀਂ ਇਨਕਲਾਬ ਦੀ ਤਿਆਰੀ `ਚ ਉਸ ਦਿਨ ਦੀ ਉਡੀਕ ਵਿਚ ਹਾਂ। ਇਨਕਲਾਬ ਜ਼ਿੰਦਾਬਾਦ !"

ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਪੇਸ਼ਨਗੋਈ ਬਿਲਕੁਲ ਦਰੁਸਤ ਅਤੇ ਸੱਚੀ ਸਾਬਤ ਹੋਈ। ਲੋਕਾਂ ਦੀ ਜਦੋਜਹਿਦ ਅਤੇ ਅੰਤਰਰਾਸ਼ਟਰੀ ਹਾਲਾਤਾਂ ਕਰਕੇ ਅੰਗਰੇਜ਼ ਹਿੰਦੁਸਤਾਨ ਛੱਡਣ ਤੇ ਮਜਬੂਰ ਹੋ ਗਏ ਤੇ ਜਾਂਦੇ ਹੋਏ ਹਕੂਮਤ ਦੀ ਵਾਗਡੋਰ ਆਪਣੇ ਝੋਲੀਚੁਕਾਂ ਦੇ ਹੱਥਾਂ `ਚ ਫੜਾ ਗਏ। ਪਰ ਲੁੱਟ ਖਸੁਟ ਦਾ ਨਿਜ਼ਾਮ ਠੀਕ ਉਸੇ ਹੀ ਤਰਾਂ ਕਾਇਮ ਰਿਹਾ ਤੇ ਅਜੇ ਤੱਕ ਜਾਰੀ ਹੈ। ਭਗਤ ਸਿੰਘ ਦਾ ਸਿਆਸੀ ਸਿਧਾਂਤ ਅਤੇ ਸੇਧ ਅੱਜ ਵੀ ਢੁਕਵਾਂ ਹੈ। ਇਹ ਸਾਨੂੰ ਸੱਭ ਲੋਕਾਂ ਦੇ ਹੱਕਾਂ ਦੀ ਰਾਖੀ ਦੇ ਘੋਲ ਵਿਚ ਕੁਦਣ ਲਈ ਪ੍ਰੇਰਦਾ ਹੈ ਅਤੇ ਇਕ ਨਵਾਂ ਸਮਾਜ ਉਸਾਰਨ ਲਈ ਉਤਸ਼ਾਹਿਤ ਕਰਦਾ ਹੈ। ਦੂਸਰੇ ਪਾਸੇ ਲੋਕਾਂ ਦੇ ਦੁਸ਼ਮਣ, ਭਗਤ ਸਿੰਘ ਹੋਰਾਂ ਦੀ ਇਸ ਇਨਕਲਾਬੀ ਸੇਧ ਤੇ ਨਜ਼ਰੀਏ ਨੂੰ ਤੋੜ-ਮ੍ਰੋੜ ਕੇ ਇਕ ਤੰਗ-ਨਜ਼ਰੀ ਦੇ ਤੌਰ ਤੇ ਪੇਸ਼ ਕਰਦੇ ਹਨ ਤੇ ਉਨ੍ਹਾਂ ਦੇ ਬੁੱਤ ਅਤੇ ਮੂਰਤੀਆਂ ਸਰਕਾਰੀ ਅਦਾਰਿਆਂ ਵਿਚ ਲਾਉਂਦੇ ਹਨ ਤਾਂਕਿ ਲੋਕ ਸਮਝਣ ਕਿ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਹਿੰਦੋਸਤਾਨ ਦੀ ਆਜ਼ਾਦੀ ਦੀ ਸ਼ਮ੍ਹਾਂ ਤੇ ਕੁਰਬਾਨ ਹੋਣ ਵਾਲੇ ਹੋਰ ਲੱਖਾਂ ਪ੍ਰਵਾਨਿਆਂ ਦਾ ਆਜ਼ਾਦੀ ਦਾ ਖ਼ੁਆਬ ਪੂਰਾ ਹੋ ਗਿਆ ਹੈ, ਤੇ ਲੋਕ ਆਪਣੀ ਸਹੀ ਆਜ਼ਾਦੀ ਅਤੇ ਮੁਕਤੀ ਦੀ ਜਦੋਜਹਿਦ ਅਤੇ ਸੇਧ ਛੱਡਕੇ ਕੁਰਾਹੇ ਪੈ ਜਾਣ। ਜਿਸ ਆਜ਼ਾਦੀ ਦੀ ਪ੍ਰਾਪਤੀ ਅਤੇ ਹਿੰਦੋਸਤਾਨ ਦੇ ਲੋਕਾਂ ਦੀ ਜਿਸ ਲੁੱਟ ਖਸੁਟ ਦਾ ਅੰਤ ਕਰਨ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੰਘਰਸ਼ ਵਿਚ ਕੁਦੇ ਸਨ, ਉਹ ਲੁੱਟ-ਖਸੁੱਟ ਵੀ ਅਜੇ ਜਾਰੀ ਹੈ ਤੇ ਸੰਘਰਸ਼ ਵੀ। ਲੋਕਾਂ ਦੀ ਸਿਆਸੀ ਸੇਧ ਹੀ ਉਨ੍ਹਾਂ ਦਾ ਭਵਿਖ ਹੈ। ਅੱਜ ਦੀ ਲੋੜ, ਸਮੇਂ ਦੀ ਲੋੜ, ਹਾਲਾਤ ਦੇ ਮੁਤਾਬਿਕ ਇਸ ਸਿਆਸੀ ਸੇਧ ਨੂੰ ਹੋਰ ਅੱਗੇ ਵਧਾਕੇ ਨਵੀਂ ਉਸਾਰੀ ਕਰਨ ਦੀ ਲੋੜ ਹੈ। ਆਪਣੇ ਬੁਲੰਦ ਇਰਾਦਿਆਂ ਅਤੇ ਇਸ ਸੇਧ ਬਾਰੇ ਭਗਤ ਸਿੰਘ ਨੇ ਆਪਣੇ ਛੋਟੇ ਭਰਾ ਕੁਲਤਾਰ ਨੂੰ ਫ਼ਾਂਸੀ ਲੱਗਣ ਤੋਂ ਇਕ ਦਿਨ ਪਹਿਲਾਂ ਇਕ ਖ਼ਤ ਵਿਚ ਲਿਖਿਆ ਸੀ --

ਉਨ੍ਹੇ ਯੇਹ ਫ਼ਿਕਰ ਹਰਦਮ, ਨਯਾ ਤਰਜ਼ੇ ਜਫ਼ਾ ਕਿਆ ਹੋ
ਹਮੇਂ ਯੇਹ ਸ਼ੌਕ ਕਿ ਦੇਖੇਂ, ਸਿਤਮ ਕੀ ਇੰਤਹਾ ਕਿਆ ਹੈ

ਭਗਤ ਸਿੰਘ ਨੇ ਆਪਣੇ ਸਮੇਂ ਦੀ ਲੋੜ ਨੂੰ ਸਮਝਦੇ ਹੋਏ ਇਹ ਸਿੱਟਾ ਕੱਢਿਆ ਸੀ ਕਿ ਨੌਜਵਾਨਾਂ ਦੀ ਸਾਰਿਆਂ ਨਾਲੋਂ ਅਹਿਮ ਲੋੜ ਸਮਾਜ ਨੂੰ ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਲਈ ਇਕ ਸਿਆਸੀ ਸੇਧ ਅਤੇ ਸਿਆਸੀ ਅਮਲ ਦੀ ਲੋੜ ਹੈ। ਸਿਆਸੀ ਸੇਧ ਅਤੇ ਸਮਾਜ ਦੇ ਕਾਇਆ ਕਲਪ ਦੀ ਜਦੋਜਹਿਦ ਦੀਆਂ ਮੋਹਰਲੀਆਂ ਸਫਾਂ ਵਿਚ ਹੋ ਕੇ ਆਪਣਾਂ ਹਿੱਸਾ ਪਾਉਣ ਵਿਚ ਹੀ ਹਿੰਦੁਸਤਾਨ ਦੇ ਨੌਜਵਾਨਾਂ ਦਾ ਭਵਿਖ ਹੈ। ਇਸ ਸੇਧ ਅਤੇ ਇਸ ਸੇਧ ਨਾਲ ਆਪਣੇ ਰਾਹ ਨੂੰ ਰੋਸ਼ਨ ਕਰਦੇ ਹੋਏ ਹੀ ਹਿੰਦੁਸਤਾਨ ਦੇ ਨੌਜਵਾਨ ਇਕ ਆਜ਼ਾਦ ਅਤੇ ਖੁਸ਼ਹਾਲ ਜ਼ਿੰਦਗੀ ਬਸਰ ਕਰ ਸਕਦੇ ਹਨ। ਸਿਰਫ਼ ਆਜ਼ਾਦੀ ਦੀ ਜੰਗ ਵਿਚ ਹਿੱਸਾ ਪਾਕੇ, ਗੁਲਾਮੀ ਦੀਆਂ ਜ਼ੰਜੀਰਾਂ ਤੋੜਕੇ, ਅਤੇ ਲੁਟ ਖਸੁਟ ਤੋਂ ਆਜ਼ਾਦ ਇਕ ਨਵੇਂ ਸਮਾਜ ਦੀ ਉਸਾਰੀ ਕਰਨ ਨਾਲ ਹੀ ਨੌਜਵਾਨਾਂ ਦਾ ਭਵਿਖ ਰੌਸ਼ਨ ਹੋ ਸਕਦਾ ਹੈ ਅਤੇ ਨੌਜੁਆਨ ਆਪਣਾ ਜੀਵਨ ਸਫਲ ਕਰ ਸਕਦੇ ਹਨ। ਇਸ ਲਈ ਉਨ੍ਹਾਂ ਨੇ ਨੌਜਵਾਨ ਸਭਾ ਦੇ ਕੰਮ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਨੇ ਗੁਲਾਮੀ ਦੇ ਜੂਲੇ ਨੂੰ ਲਾਹੁਣ ਲਈ ਹਿੰਦੁਸਤਾਨ ਦੇ ਨੌਜਵਾਨਾਂ ਨੂੰ ਵੰਗਾਰਿਆ। ਸਮਾਜ ਦੇ ਪਤਵੰਤੇ ਚੌਧਰੀ ਤੇ ਅੰਗਰੇਜ਼ਾਂ ਦੇ ਟੁਕੜਬੋਚ ਉਸ ਵੇਲੇ ਵੀ

ਨੌਜਵਾਨਾਂ ਨੂੰ ਮੱਤਾਂ ਦਿੰਦੇ ਹੁੰਦੇ ਸੀ ਕਿ ਅੰਗਰੇਜ਼ਾਂ ਦਾ ਰਾਜ ਹਿੰਦੁਸਤਾਨ ਦੇ ਨੌਜਵਾਨਾਂ ਲਈ ਬਹੁਤ ਵਧੀਆ ਹੈ। ਉਹ ਕਹਿੰਦੇ ਹੁੰਦੇ ਸੀ ਕਿ ਅੰਗਰੇਜ਼ ਹਿੰਦੁਸਤਾਨ ਵਿਚ ਅਮਨ, ਕਾਨੂੰਨ ਅਤੇ ਚੰਗੀ ਸਰਕਾਰ ਲਿਆਏ ਹਨ ਇਸ ਲਈ ਨੌਜਵਾਨਾਂ ਨੂੰ ਇਸ ਸਰਕਾਰ ਦੇ ਕੰਮ ਵਿਚ ਹਿੱਸਾ ਪਾਉਣਾ ਚਾਹੀਦਾ ਹੈ ਅਤੇ ਇਸ ਵਿਵਸਥਾ ਦਾ ਇਕ ਹਿਸਾ ਬਨਣਾ ਚਾਹੀਦਾ ਹੈ ਤੇ ਅੰਗਰੇਜ਼ ਬਸਤੀਵਾਦੀ ਰਾਜ ਦੀ ਵਿਰੋਧਤਾ ਨਹੀਂ ਕਰਨੀ ਚਾਹੀਦੀ। ਪਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਇਸ ਗੱਲ ਨੂੰ ਪੂਰੀ ਤਰ੍ਹਾਂ ਨਾਲ ਸਮਝਿਆ ਕਿ ਹਿੰਦੁਸਤਾਨ ਦੇ ਨੌਜਵਾਨਾਂ ਦੀ ਲੋੜ ਇਕ ਆਪਣੀ ਸਿਆਸੀ ਸੇਧ ਉਲੀਕਣ ਦੀ ਲੋੜ ਹੈ ਜਿਸ ਤੇ ਤੁਰ ਕੇ ਉਹ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੇ ਜ਼ੁਲਮ ਤੋਂ ਛੁੜਾਕੇ ਇਕ ਨਵਾਂ ਸਮਾਜ ਬਨਾਉਣ। ਇਸ ਸੇਧ ਤੋਂ ਬਗੈਰ ਉਨ੍ਹਾਂ ਦੀ ਮੁਕਤੀ ਨਹੀਂ ਹੋ ਸਕਦੀ। ਭਗਤ ਸਿੰਘ ਦਾ ਇਹ ਖ਼ਿਆਲ ਹਿੰਦੁਸਤਾਨ ਦੀ ਮਜ਼ਦੂਰ ਜਮਾਤ, ਕਿਸਾਨ, ਔਰਤਾਂ , ਕੌਮਾਂ ,ਕਬਾਇਲੀ ਲੋਕਾਂ ਅਤੇ ਤਮਾਮ ਦੁਨਿਆਂ ਦੇ ਲੋਕਾਂ ਦੇ ਮੁਕਤੀ ਲਈ ਚਲ ਰਹੇ ਘੋਲਾਂ ਦੇ ਤਜਰਬੇ `ਚੋਂ ਨਿਕਲਿਆ ਹੋਇਆ ਸਿੱਟਾ ਸੀ। ਭਗਤ ਸਿੰਘ ਨੇ ਨੌਜਵਾਨਾਂ ਨੂੰ ਹੋਕਾ ਦਿਤਾ --" ਸਾਨੂੰ ਲਾਜ਼ਮੀ ਤੌਰ ਉਤੇ ਇਹ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਇਨਕਲਾਬ ਦਾ ਮਤਲਬ ਨਿਰੀ ਉਥਲ-ਪੁਥਲ ਜਾਂ ਖ਼ੂਨੀ ਲੜਾਈ ਨਹੀਂ ਹੁੰਦਾ। ਇਨਕਲਾਬ ਦਾ ਭਾਵ ਲਾਜ਼ਮੀ ਤੌਰ ਤੇ ਮੌਜੂਦਾ ਹਾਲਾਤ ਨੂੰ ਪੂਰੀ ਤਰ੍ਹਾਂ ਤਬਾਹ ਕਰਕੇ, ਇਕ ਨਵੇਂ ਤੇ ਢੁਕਵੇਂ ਆਧਾਰ ਉਤੇ ਕੀਤੀ ਜਾਣ ਵਾਲੀ ਬਕਾਇਦਾ ਸਮਾਜੀ ਮੁੜ ਉਸਾਰੀ ਦੇ ਪਰੋਗਰਾਮ ਤੋਂ ਹੁੰਦਾ ਹੈ।"

ਭਗਤ ਸਿੰਘ ਨੇ ਨੌਜਵਾਨਾਂ ਨੂੰ ਸਿਖਾਇਆ ਕਿ ਇਨਕਲਾਬ ਅਤੇ ਆਜ਼ਾਦੀ ਲੋਕਾਂ ਦਾ ਜੱਦੀ ਹੱਕ ਹੈ। ਇਸ ਲਈ ਉਨ੍ਹਾਂ ਨੂੰ ਕਿਸੇ ਤੋਂ ਇਜਾਜ਼ਤ ਲੈਣ ਦੀ ਲੋੜ ਨਹੀਂ, ਇਹ ਲੋਕਾਂ ਦੀ ਹੋਂਦ ਨਾਲ ਜੁੜੇ ਹੋਏ ਹਨ ਅਤੇ ਜਿਨਾਂ ਚਿਰ ਲੋਕ ਜ਼ੁਲਮ ਅਤੇ ਜਬਰ ਨੂੰ ਖ਼ਤਮ ਨਹੀਂ ਕਰ ਸੁਟਦੇ ਉਨਾਂ ਚਿਰ ਉਨ੍ਹਾਂ ਦੀ ਜ਼ੁਲਮ ਦੇ ਖਿਲਾਫ ਜੰਗ ਜਾਰੀ ਰਹੇਗੀ। ਇਸ ਜੰਗ ਵਿਚ ਨੌਜਵਾਨਾਂ ਨੂੰ ਸੁਚੇਤ ਹੋਕੇ ਮੋਹਰਲੀਆਂ ਸਫਾਂ ਤੇ ਖੜੇ ਹੋਣ ਦੀ ਲੋੜ ਹੈ। ਇਸ ਪਵਿੱਤਰ ਕੰਮ ਲਈ ਨੌਜਵਾਨਾਂ ਨੂੰ ਕਿਸੇ ਵੀ ਕੁਰਬਾਨੀ ਦੇਣ ਲਈ ਤਿਆਰ ਰਹਿਨਾ ਚਾਹੀਦਾ ਹੈ। ਇਸੇ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀ ਜ਼ਿੰਦਗੀ ਨੂੰ ਆਜ਼ਾਦੀ ਦੀ ਵੇਦੀ ਲਈ ਪੇਸ਼ ਕੀਤੀ ਹੋਈ ਇਕ ਖ਼ੁਸ਼ਬੂ ਕਰਾਰ ਦਿਤਾ ਸੀ। ਭਗਤ ਸਿੰਘ ਅਤੇ ਹੋਰ ਲੱਖਾਂ ਹੀ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਸਦਕੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਛੱਡਕੇ ਜਾਣ ਤੇ ਮਜਬੂਰ ਹੋਣਾ ਪਿਆ ਸੀ। ਪਰ ਹਿੰਦੁਸਤਾਨ ਦੇ ਲੋਕਾਂ ਦੀ ਜ਼ੁਲਮ ਅਤੇ ਜਬਰ ਤੋਂ ਖਲਾਸੀ ਨਹੀਂ ਹੋਈ। ਜਿਹੜੇ ਲੁਟ-ਖਸੁਟ ਦੇ ਰਿਸ਼ਤੇ ਅਤੇ ਅਦਾਰੇ ਅੰਗਰੇਜ਼ਾਂ ਨੇ ਬਣਾਏ ਸੀ ਉਹ ਉਸੇ ਤਰਾਂ ਹੀ ਬਰਕਰਾਰ ਹਨ। ਭਗਤ ਸਿੰਘ ਹੁਰਾਂ ਦੀ ਸੇਧ ਅੱਜ ਵੀ ਨੌਜਵਾਨਾਂ ਲਈ ਬਿਲਕੁਲ ਢੁਕਵੀਂ ਹੈ। ਭਗਤ ਸਿੰਘ ਹੁਰਾਂ ਦੇ ਦੱਸੇ ਹੋਏ ਰਾਹ ਤੇ ਤੁਰਕੇ ਹਿੰਦੁਸਤਾਨ ਦੇ ਨੌਜਵਾਨਾਂ ਨੂੰ ਅੱਜ ਦੇ ਹਾਲਾਤ ਵਿਚ ਆਪਣੀ ਸਿਆਸੀ ਸੇਧ ਅਤੇ ਨਵੀਂ ਉਸਾਰੀ ਦੇ ਪਰੋਗਰਾਮ ਨੂੰ ਵਿਕਸਿਤ ਕਰਨ ਦੀ ਲੋੜ ਹੈ। ਅੱਜ ਵੀ ਸਮਾਜ ਦੇ ਪਤਵੰਤੇ ਚੌਧਰੀ ਅਤੇ ਸਥਿਤੀ ਨੂੰ ਜਿਉਂ ਦਾ ਤਿਉਂ ਕਾਇਮ ਰੱਖਣ ਦੇ ਚੈਂਪੀਅਨ ਸਾਡੇ ਨੌਜਵਾਨਾਂ ਨੂੰ ਮੱਤਾਂ ਦਿੰਦੇ ਹਨ ਕਿ ਨਿਜੀਕਰਣ, ਵਿਸ਼ਵੀਕਰਣ ਅਤੇ ਖੁੱਲੇ ਵਪਾਰ ਨਾਲ ਉਨ੍ਹਾਂ ਦੇ ਕੁੱਲੀ, ਗੁੱਲੀ, ਅਤੇ ਜੁੱਲੀ ਦੇ ਮਸਲੇ ਹੱਲ ਹੋ ਜਾਣਗੇ ਅਤੇ ਉਨ੍ਹਾਂ ਨੂੰ ਆਪਣੀ ਸਿਆਸੀ ਸੇਧ ਛੱਡਕੇ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਸਾਮਰਾਜੀਆਂ ਦਾ ਹੱਥਠੋਕਾ ਬਣ ਜਾਣਾ ਚਾਹੀਦਾ ਹੈ। ਪਰ ਨੌਜੁਆਨਾ ਨੂੰ ਭਗਤ ਸਿੰਘ ਹੁਰਾਂ ਦੇ ਦਸੇ ਰਾਹ ਤੋਂ ਅਗਵਾਈ ਲੈਕੇ ਤੁਰਨ ਦੀ ਲੋੜ ਹੈ।

ਬਾਹਰਲੇ ਮੁਲਕਾਂ ਵਿਚ ਵਸਦੇ ਦੱਖਣੀ ਏਸ਼ੀਆਈ ਮੂਲ ਦੇ ਨੌਜਵਾਨਾਂ ਲਈ ਵੀ ਭਗਤ ਸਿੰਘ ਦੀ ਸੇਧ ਓਨੀ ਹੀ ਢੁਕਵੀਂ ਹੈ ਜਿੰਨੀ ਦੱਖਣੀ ਏਸ਼ੀਆ ਵਿਚ ਵਸਦੇ ਨੌਜੁਆਨਾਂ ਲਈ। ਉਨ੍ਹਾਂ ਨੂੰ ਵੀ ਆਪਣੀ ਸਿਆਸੀ ਸੇਧ ਅਤੇ ਸਿਆਸੀ ਅਮਲ ਵਿਕਸਿਤ ਕਰਨ ਦੀ ਲੋੜ ਹੈ। ਆਪਣੀ ਇਸ ਸੇਧ ਅਤੇ ਸਿਆਸੀ ਅਮਲ ਨਾਲ ਹੀ ਉਹ ਇਨ੍ਹਾਂ ਮੁਲਕਾਂ ਵਿਚ ਆਪਣੇ ਹੱਕਾਂ ਦੀ ਰਾਖੀ ਕਰ ਸਕਦੇ ਹਨ। ਉਨ੍ਹਾਂ ਨੂੰ ਇਨ੍ਹਾਂ ਮੁਲਕਾਂ ਵਿਚ ਨਵੀਂ ਉਸਾਰੀ ਲਈ ਚਲ ਰਹੇ ਘੋਲਾਂ ਦੀਆਂ ਮੋਹਰਲੀਆਂ ਸਫਾਂ ਵਿਚ ਹੋ ਕੇ ਹਿੱਸਾ ਪਾਉਣ ਦੀ ਲੋੜ ਹੈ। ਉਨ੍ਹਾਂ ਨੂੰ ਸਿਰਫ 'ਕਮਿਉਨਟੀ' ਦੇ ਮਸਲਿਆਂ ਤਾਂਈ ਹੀ ਸੀਮਤ ਰਹਿਣ ਵਾਲੀ ਸਿਆਸਤ ਨੂੰ ਠੁਕਰਾਕੇ ਸੱਭਨਾਂ ਦੇ ਹੱਕਾਂ ਦੀ ਰਾਖੀ ਦਾ ਰਾਹ ਅਖ਼ਤਿਆਰ ਕਰਨ ਦੀ ਲੋੜ ਹੈ। ਕਿਉਂਕਿ ਇਹ ਸਿਆਸਤ ਹਾਕਮ ਜਮਾਤਾਂ ਦੀ ਹੀ ਸਿਆਸਤ ਹੈ ਜਿਸ ਨਾਲ ਉਹ ਨੌਜਵਾਨਾਂ ਨੂੰ ਖੁਡੇ ਲਾਈ ਰਖਦੇ ਹਨ। ਅੱਜ ਸਮੇਂ ਦੀ ਲੋੜ ਹੈ ਕਿ ਨੌਜਵਾਨ ਸਮਾਜ ਦੇ ਨਵੀਨੀਕਰਨ ਲਈ ਇਕ ਝੱਖੜ ਵਾਂਗ ਉਠਕੇ ਸੱਭ ਗਲੀਆਂ ਸੜੀਆਂ ਚੀਜ਼ਾਂ ਨੂੰ ਹੂੰਝ ਦੇਣ। ਇਹੋ ਹੀ ਉਨ੍ਹਾਂ ਦਾ ਸ਼ਾਨਦਾਰ ਭਵਿਖ ਹੈ।